# ਗੁਰੂ ਨਾਨਕ ਜੀ ਤੋਂ ਪਹਿਲਾਂ ਦਾ ਭਾਰਤ

ਭਾਰਤ ਵਿੱਚ ਬੁਧ ਧਰਮ ਆਪਣੇ ਸਿੱਖਰ ਤੇ ਪਹੁੰਚਣ ਪਿਛੋਂ ਨਿਘਰਣਾ ਸ਼ੁਰੂ ਹੋ ਗਿਆ। ਬੁਧ ਦੇ ਬੁੱਤ ਅਤੇ ਬੋਧੀਸਤਵਾ ਬਹੁਤ ਹੀ ਆਮ ਹੋ ਗਏ ਅਤੇ ਉਹਨਾਂ ਦੇ ਮੰਦਰਾਂ ਵਿੱਚ ਸਥਾਪਤ ਕੀਤੇ ਗਏ। ਬੋਧੀ ਸਾਧੂ ਅਹਿੰਸਾ ਅਤੇ ਟਾਕਰਾ ਨ ਕਰਨ ਦੀ ਸਿਖਿਆ ਦਿੰਦੇ ਸਨ ਜਿਸਨੇ ਲੋਕਾਂ ਨੂੰ ਆਪਣੀ ਰੱਖਿਆ ਲਈ ਵੀ ਲੜਣ ਤੋਂ ਅਸਮਰਥ ਬਣਾ ਦਿਤਾ।

ਜਦ ਬੁਧ ਧਰਮ ਨੂੰ ਭਾਰਤ ਵਿੱਚੋਂ ਬਾਹਰ ਧੱਕ ਦਿਤਾ ਗਿਆ ਤਾਂ ਹਿੰਦੂਆਂ ਨੇ ਆਪਣੇ ਦੇਵੀ ਦੇਵਤੇ ਸਥਾਪਤ ਕਰ ਲਏ ਅਤੇ ਉਹਨਾਂ ਦੇ ਪੱਥਰ ਦੇ ਬੁੱਤਾਂ ਦੀ ਪੂਜਾ ਕਰਨੀ ਅਰੰਭ ਦਿਤੀ। ਹਿੰਦੂ ਪਰੋਹਤਾਂ, ਜੋ ਸਦੀਆਂ ਤੋਂ ਧਰਮ ਅਤੇ ਇਸਦੇ ਉਪਦੇਸ਼ਾਂ ਦੇ ਆਪਣੇ ਆਪ ਬਣੇ ਹੋਏ ਰਖਵਾਲੇ ਸਨ, ਨੇ ਧਰਮ ਨੂੰ ਰੀਤਾਂ ਰਸਮਾਂ ਅਤੇ ਅੰਧ-ਵਿਸ਼ਵਾਸੀ ਕਰਮ ਕਾਂਡਾਂ, ਜਿਨ੍ਹਾਂ ਦਾ ਕੋਈ ਅਰਥ ਭਾਵ ਨਹੀਂ, ਰਾਹੀਂ ਧਰਮ ਨੂੰ ਹਾਸੋਹੀਣਾ ਬਣਾ ਦਿੱਤਾ।

ਡਾ: ਰਾਧਾਕ੍ਰਿਸ਼ਨਨ, ਜੋ ਫਲਾਸਫਰ ਅਤੇ ਭਾਰਤ ਦੇ ਪੂਰਵ ਰਾਸ਼ਟਰਪਤੀ ਸਨ, ਲਿਖਦੇ ਹਨ:

"ਹਿੰਦੂ ਲੀਡਰਾਂ ਨੇ ਜਨਤਾ ਨੂੰ, ਜੋ ਵਹਿਮਾਂ ਭਰਮਾਂ ਅਤੇ ਪਦਾਰਥਵਾਦ ਵਿੱਚ ਡੁੱਬੀ ਹੋਈ ਸੀ, ਆਤਮਕ ਸਚਾਈਆਂ ਦੀ ਸਿਖਿਆ ਦੇਣ ਵਲੋਂ ਅਣਗਹਿਲੀ ਕਰ ਛੱਡੀ। ਧਰਮ ਜਾਤੀ ਭੇਦ-ਭਾਵ ਅਤੇ ਖਾਣ-ਪੀਣ ਬਾਰੇ ਮਨਾਹੀਆਂ ਨਾਲ ਉਲਝਿਆ ਹੋਇਆ ਬਣ ਗਿਆ।"....

ਹਿੰਦੂ ਸਮਾਜ ਜਾਤ-ਪਾਤ ਦੇ ਸਿਲਸਲੇ ਹੇਠ ਦੱਬਿਆ ਗਿਆ। ਧਰਮ ਕੇਵਲ ਉਚੀ ਸ਼੍ਰੇਣੀ, ਜਿਨ੍ਹਾਂ ਨੂੰ ਬ੍ਰਾਹਮਣ ਕਹਿੰਦੇ ਸਨ, ਦਾ ਹੀ ਵਿਸ਼ੇਸ਼ ਅਧਿਕਾਰ ਬਣ ਗਿਆ। ਪਵਿਤਰ ਧਾਰਮਕ ਗ੍ਰੰਥਾਂ ਤਕ ਨਾ ਹੀ ਦੂਜੀਆਂ ਸ਼੍ਰੇਣੀਆਂ ਦੀ ਪਹੁੰਚ ਸੀ ਅਤੇ ਨਾ ਲੋਕ ਇਹਨਾਂ ਨੂੰ ਸਮਝ ਸਕਦੇ ਸਨ ਕਿਉਂਕਿ ਉਹ ਬਹੁਤ ਕਰਕੇ ਸੰਸਕ੍ਰਿਤ ਵਿੱਚ ਲਿਖੇ ਹੋਏ ਸਨ ਅਤੇ ਇਹ ਭਾਸ਼ਾ ਜਨਤਾ ਦੀ ਬੋਲੀ ਨਹੀਂ ਸੀ। ਧਾਰਮਕ ਪਾਠ, ਲਿਖਾਈ ਅਤੇ ਸਿਖਿਆ ਦੇਣਾ ਬਿਲਕੁਲ ਬ੍ਰਾਹਮਣਾਂ ਦੀ ਇਜਾਰਾਦਾਰੀ ਸੀ। ਨੀਚਾਂ ਵਿੱਚੋਂ ਵੀ ਸਭ ਤੋਂ ਨੀਚ ਸ਼੍ਰੇਣੀ ਨੂੰ ਅਛੂਤ ਕਿਹਾ ਜਾਂਦਾ ਸੀ। ਇਹਨਾਂ ਦੀ ਇੱਕ ਛੁਹ ਜਾਂ ਪਰਛਾਵਾਂ ਵੀ ਉਪਰਲੀਆਂ ਸ਼੍ਰੇਣੀਆਂ ਨੂੰ ਭਿਟ ਦਿੰਦਾ ਜਾਪਦਾ ਸੀ।

ਅਜੇਹੀ ਹਿੰਦੂ-ਭਾਰਤ ਦੀ ਹਾਲਤ ਸੀ ਜਦ ਪੱਛਮ ਵਲੋਂ ਮੁਸਲਮਾਨ ਹਮਲਾਵਰਾਂ ਦਾ ਭਾਰੀ ਗਿਣਤੀ ਵਿੱਚ ਇੱਕ ਦੂਜੇ ਪਿਛੋਂ ਵਹਿਣ ਸ਼ੁਰੂ ਹੋ ਗਿਆ। ਯਾਰ੍ਹਵੀਂ ਸਦੀ ਵਿੱਚ ਗਜ਼ਨੀ ਦੇ ਮਹਿਮੂਦ ਤੋਂ ਲੈਕੇ ਸੋਲ੍ਹਵੀਂ ਸਦੀ (ਗੁਰੂ ਨਾਨਕ ਜੀ ਦੇ ਸਮੇਂ) ਵਿੱਚ ਮੁਗਲਾਂ ਤਕ ਇਹਨਾਂ ਹਮਲਾਵਰਾਂ ਵਾਸਤੇ ਪੰਜਾਬ ਹਮੇਸ਼ਾਂ ਭਾਰਤ ਦਾ ਦਰਵਾਜ਼ਾ ਸੀ। ਇਹਨਾਂ ਸਾਰੇ ਮੁਸਲਮਾਨ ਹਮਲਾਵਰਾਂ ਨੇ ਬੇਰਹਿਮੀ ਨਾਲ ਮਰਦਾਂ, ਤੀਵੀਆਂ ਅਤੇ ਬੱਚਿਆਂ ਨੂੰ ਕਤਲ ਕੀਤਾ, ਇਨ੍ਹਾਂ ਦੇ ਘਰ ਘਾਟ ਲੁੱਟ ਲਏ, ਇਹਨਾਂ ਦੇ ਮੰਦਰਾਂ ਦੀ ਬੇਅਦਬੀ ਕੀਤੀ ਅਤੇ ਢਾਹ ਦਿੱਤੇ ਅਤੇ ਇਹਨਾਂ ਮੰਦਰਾਂ ਦਾ ਧਨ, ਆਦਿ ਲੁਟ ਲਿਆ। ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਇਆ। ਪਤਵੰਤੇ, ਵਿਦਵਾਨ, ਸੂਫੀ, ਕਵੀ ਅਤੇ ਫਲਾਸਫਰ ਜੋ ਇਹਨਾਂ ਹਮਲਾਵਰਾਂ ਨਾਲ ਹੀ ਆਏ ਸਨ ਭਾਰਤ ਦੇ ਵੱਖ ਵੱਖ ਹਿਸਿਆਂ ਵਿੱਚ ਵੱਸ ਗਏ ਅਤੇ ਉਹਨਾਂ ਨੇ ਭਾਰਤੀ-ਮੁਸਲਿਮ ਸਭਿਅਤਾ ਦੀ ਨੀਂਹ ਰੱਖੀ।

ਬਹੁਤ ਸਾਰੇ ਮੁਸਲਮਾਨ ਇਤਹਾਸਕਾਰਾਂ ਨੇ ਉਸ ਸਮੇਂ ਵਿੱਚ ਵਾਪਰੀਆਂ ਘਟਨਾਵਾਂ ਦਾ ਹਾਲ ਦੱਸਿਆ ਹੈ। ਮੁਸਲਮਾਨ ਵਿਜਈਆਂਜ ਜੇਤੂਆਂ ਨੇ ਹਿੰਦੂਆਂ ਨਾਲ ਜੋ ਵਰਤਾਉ ਕੀਤਾ ਉਸਦੀਆਂ ਕੁਝ ਕੁ ਉਦਾਹਰਣਾਂ ਅਸੀਂ ਹੇਠਾਂ ਦਿੰਦੇ ਹਾਂ:

ਗਜ਼ਨੀ ਦੇ ਰਾਜੇ, ਸ਼ਹਾਬੁੱਦੀਨ (੧੧੭੦-੧੨੦੬) ਨੇ ਦਿੱਲੀ ਅਤੇ ਅਜਮੇਰ ਦੇ ਰਾਜੇ ਪ੍ਰਿਥਵੀਰਾਜ ਨੂੰ ਬੜੀ ਬੇਦਰਦੀ ਨਾਲ ਕਤਲ ਕੀਤਾ। ਉਸਨੇ ਹਜ਼ਾਰਾਂ ਅਜਮੇਰ ਦੇ ਵਾਸੀਆਂ, ਜਿਨ੍ਹਾਂ ਨੇ ਉਸਦਾ ਵਿਰੋਧ ਕੀਤਾ, ਨੂੰ ਕਤਲ ਕਰ ਦਿਤਾ ਅਤੇ ਜੋ ਬਚੇ ਉਹਨਾਂ ਨੂੰ ਗੁਲਾਮ ਬਣਾ ਲਿਆ।

(ਅਸੀਰ ਦੀ "ਕਮਿਉਤ ਤਵਾਰੀਖ")।

ਹਸਨ ਨਿਜ਼ਾਮ-ਇ-ਨੈਸ਼ਾਪੁਰੀ ਦੀ "ਤਾਜ-ਉਲ-ਮਾਅ ਸੀਰ" ਵਿੱਚ ਲਿਖਿਆ ਹੈ ਕਿ ਜਦ ਕੁਤਬ-ਉ-ਦੀਨ ਐਬਾਕ (੧੧੯੪-੧੨੧੦) ਨੇ ਮੇਰਠ ਫ਼ਤਹਿ ਕੀਤਾ ਉਸਨੇ ਸ਼ਹਿਰ ਦੇ ਸਾਰੇ ਮੰਦਰ ਢਾਹ ਦਿਤੇ ਅਤੇ ਉਹਨਾਂ ਦੀ ਥਾਂ ਤੇ ਮਸੀਤਾਂ ਉਸਾਰ ਦਿਤੀਆਂ। ਅਲੀਗੜ੍ਹ ਸ਼ਹਿਰ ਵਿੱਚ ਉਸਨੇ ਉਥੋਂ ਦੇ ਵਾਸੀਆਂ ਨੂੰ ਤਲਵਾਰ ਦੇ ਜ਼ੋਰ ਮੁਸਲਮਾਨ ਬਣਾ ਦਿਤਾ ਅਤੇ ਜੋ ਆਪਣੇ ਧਰਮ ਤੇ ਅੜੇ ਰਹੇ ਉਨ੍ਹਾਂ ਸਾਰਿਆਂ ਨੂੰ ਕਤਲ ਕਰ ਦਿਤਾ।

ਅਬਦੁੱਲਾ ਵੱਸਫ ਆਪਣੀ "ਤਜਜੀਅਤ-ਉਲ-ਆਮਸਾਰ ਵਾ ਤਜਰੀਅਤ-ਉਲ=ਅਸਰ" ਵਿੱਚ ਲਿਖਦਾ ਹੈ ਕਿ ਜਦ ਅਲਾਉਦੀਨ ਖਿਲਜੀ (੧੨੯੫-੧੩੧੬) ਨੇ ਕੈਂਬੇ ਖਾੜੀ ਦੇ ਸਿਰੇ ਤੇ ਵੱਸਿਆ ਸ਼ਹਿਰ ਕੈਂਬਯਤ ਫਤਹਿ ਕੀਤਾ, ਉਸਨੇ ਇਸਲਾਮ ਦੀ ਸ਼ਾਨ ਵਾਸਤੇ ਸਾਰੇ ਬਾਲਗ ਮਨੁਖ ਕਤਲ ਕਰ ਦਿਤੇ, ਲਹੂ ਦੇ ਦਰਿਆ ਵਹਾ ਦਿਤੇ, ਦੇਸ ਦੀਆਂ ਤੀਵੀਆਂ, ਉਨ੍ਹਾਂ ਦੇ ਸਾਰੇ ਸੋਨੇ, ਚਾਂਦੀ, ਹੀਰਿਆਂ ਸਮੇਤ, ਉਸਨੇ ਆਪਣੇ ਘਰ ਭੇਜ ਦਿਤੀਆਂ ਅਤੇ ਵੀਹ ਕੁ ਹਜ਼ਾਰ ਕੁਆਰੀਆਂ ਲੜਕੀਆਂ ਆਪਣੀਆਂ ਨਿਜੀ ਗੁਲਾਮ ਬਣਾ ਲਈਆਂ।

ਅਲਾਉਦੀਨ ਨੇ ਇੱਕ ਵੇਰ ਆਪਣੇ ਕਾਜ਼ੀ ਤੋਂ ਪੁਛਿਆ ਕਿ ਹਿੰਦੂਆਂ ਵਾਸਤੇ ਮੁਸਲਿਮ ਕਾਨੂੰਨ (ਸ਼ਰੀਅਤ) ਵਿੱਚ ਕੀਹ ਨਿਰਦੇਸ਼ ਕੀਤਾ ਹੋਇਆ ਹੈ। ਕਾਜ਼ੀ ਨੇ ਉਤ੍ਰ ਦਿਤਾ: "ਹਿੰਦੂ ਚਿਕੜ ਵਰਗੇ ਹਨ; ਜੇ ਉਹਨਾਂ ਤੋਂ ਚਾਂਦੀ ਮੰਗੀ ਜਾਵੇ ਤਾਂ ਉਹਨਾਂ ਨੂੰ ਸਭ ਤੋਂ ਵੱਧ ਅਧੀਨਤਾ ਨਾਲ ਸੋਨਾ ਹਾਜ਼ਰ ਕਰਨਾ ਚਾਹੀਦਾ ਹੈ। ਜੇ ਇੱਕ ਮੁਸਲਮਾਨ ਇੱਕ ਹਿੰਦੂ ਦੇ ਮੂੰਹ ਵਿੱਚ ਥੁਕਣਾ ਚਾਹੁੰਦਾ ਹੈ ਤਾਂ ਹਿੰਦੂ ਨੂੰ ਇਸ ਵਾਸਤੇ ਮੂੰਹ ਚੌੜਾ ਕਰਕੇ ਅੱਡ ਦੇਣਾ ਚਾਹੀਦਾ ਹੈ। ਅੱਲਾਹ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਗੁਲਾਮ ਹੋਣ ਲਈ ਬਣਾਇਆ ਹੈ। ਪੈਗੰਬਰ ਸਾਹਿਬ ਨੇ ਫੁਰਮਾਨ ਕੀਤਾ ਹੋਇਆ ਹੈ ਕਿ ਜੇ ਹਿੰਦੂ ਮੁਸਲਿਮ ਧਰਮ ਨਹੀਂ ਅਪਣਾਉਂਦੇ ਤਾਂ ਉਹਨਾਂ ਨੂੰ ਕੈਦ ਕਰਨਾ, ਤਸੀਹੇ ਦੇਣੇ ਅਤੇ ਅੰਤ ਵਿੱਚ ਮਾਰ ਦੇਣਾ ਚਾਹੀਦਾ ਹੈ ਅਤੇ ਉਹਨਾਂ ਦੀ ਜਾਇਦਾਦ ਜਬਤ ਕਰ ਲੈਣੀ ਚਾਹੀਦੀ ਹੈ।"

ਸੱਯਦ ਮੁਹੰਮਦ ਲਤੀਫ ਆਪਣੇ "ਪੰਜਾਬ ਦਾ ਇਤਹਾਸ" ਵਿੱਚ ਲਿਖਦਾ ਹੈ : "ਉਹਨਾਂ ਦਿਨਾਂ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿੱਚਕਾਰ ਬਹੁਤ ਭਾਰੀ ਈਰਖਾ ਅਤੇ ਘਿਰਣਾ ਸੀ ਅਤੇ ਸਾਰੀ ਅਨ-ਮੁਸਲਿਮ ਵੱਸੋਂ ਮੁਸਲਮਾਨ ਰਾਜਿਆਂ ਦੇ ਦਾਬੇ ਹੇਠ ਸੀ।"

ਭਾਈ ਗੁਰਦਾਸ, ਇੱਕ ਸਿੱਖ ਵਿਦਵਾਨ, ਲਿਖਦਾ ਹੈ:- "ਹੇ ਅਕਾਲ ਪੁਰਖ, ਇਹ ਅਜੀਬ ਗੱਲ ਹੈ ਕਿ ਕਲਜੁਗ ਦੇ ਲੋਕਾਂ ਨੇ ਆਪਣਾ ਰਵਈਆ ਇੱਕ ਕੁੱਤੇ ਵਰਗਾ ਬਣਾ ਲਿਆ ਹੈ ਅਤੇ ਨਾਜਾਇਜ਼ ਲਿਆਂਦੀਆਂ ਵਸਤਾਂ ਹੜੱਪ ਕਰਕੇ ਖੁਸ਼ ਹੋ ਰਹੇ ਹਨ। ਰਾਜੇ ਪਾਪ ਕਮਾਉਂਦੇ ਹਨ ਅਤੇ ਜੋ ਆਜੜੀ ਹਨ ਉਹ ਆਪ ਹੀ ਆਪਣੀਆਂ ਭੇਡਾਂ ਨੂੰ ਮਾਰੀ ਜਾ ਰਹੇ ਹਨ। ਲੋਕ ਅਨਜਾਣ ਹੋਣ ਕਰਕੇ ਸੱਚ ਅਤੇ ਝੂਠ ਦਾ ਨਿਤਾਰਾ ਕਰਨੋਂ ਅਸਮਰਥ ਹਨ। ਆਪਣੇ ਆਪ ਨੂੰ ਲੋਕਾਂ ਦਾ ਭਲਾ ਕਰਨ ਵਾਲੇ ਦੱਸਦੇ, ਉਹ ਕਪਟੀ ਢੰਗਾਂ ਨਾਲ ਧਨ ਇੱਕੱਠਾ ਕਰਨ ਵਿੱਚ ਲੱਗੇ ਹੋਏ ਹਨ। ਮਰਦ ਅਤੇ ਤੀਵੀਂ ਵਿੱਚ ਪਿਆਰ ਵੀ ਧਨ ਦੇ ਆਧਾਰ ਤੇ ਹੈ, ਉਹ ਆਪਣੀ ਮਰਜ਼ੀ ਨਾਲ ਮਿਲਦੇ ਹਨ ਅਤੇ ਜਦ ਚਾਹੁਣ ਵਿਛੜ ਜਾਂਦੇ ਹਨ। ਕਾਜ਼ੀ ਜੋ ਇਨਸਾਫ ਕਰਨ ਵਾਸਤੇ ਬੈਠੇ ਹਨ, ਵੱਢੀਆਂ ਲੈਂਦੇ ਅਤੇ ਫਿਰ ਨਿਆਂਹੀਣ ਫੈਸਲੇ ਦੇ ਦਿੰਦੇ ਹਨ।

ਗੁਰੂ ਨਾਨਕ ਜੀ ਇਸ ਸਥਿਤੀ ਨੂੰ ਐਉਂ ਦੱਸਦੇ ਹਨ:-

"ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰ ਉਡਰਿਆ।"

(ਸਲੋਕ ਮ:੧, ਪੰਨਾ ੧੪੫)

ਇਹ ਸਦਾ ਮੰਨਿਆ ਜਾਂਦਾ ਰਿਹਾ ਹੈ ਕਿ ਸੰਸਾਰ ਵਿੱਚੋਂ ਜਦੋਂ ਸਚਾਈ ਅਲੋਪ ਹੋ ਜਾਂਦੀ ਹੈ ਅਤੇ ਉਸਦੀ ਥਾਂ ਝੂਠ ਪਸਰ ਜਾਂਦਾ ਹੈ ਤਾਂ ਈਸ਼ਵਰ ਵਲੋਂ ਸੰਦੇਸ਼ ਆਉਂਦਾ ਹੈ ਇਸ ਧਰਤੀ ਉਤੇ ਸ਼ਾਂਤੀ ਅਤੇ ਨਿਆਂ ਮੁੜ ਸਥਾਪਤ ਕਰਨ ਲਈ। ਜੋ ਝੂਠ, ਕਪਟ, ਅਨਿਆਂ, ਜ਼ੁਲਮ ਅਤੇ ਕੱਟੜਪੁਣੇ ਦੇ ਕਾਲੇ ਬੱਦਲਾਂ ਵਿੱਚੋਂ ਇੱਕ ਸੂਰਜ-ਕਿਰਨ ਅਰਸ਼ਾਂ ਵਲੋਂ ਆਈ, ਜਿਵੇਂ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਵਰਨਣ ਕੀਤਾ ਹੈ:-

"ਸੁਣੀ ਪੁਕਾਰ ਦਾਤਾਰ ਪ੍ਰਭ ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿੱਖਾਂ ਪੀਲਾਇਆ।
ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰਿ ਇੱਕ ਦਿਖਾਇਆ।
ਚਾਰੇ ਪੈਰ ਧਰਮ ਦੇ, ਚਾਰਿ ਵਰਨ ਇੱਕ ਵਰਨੁ ਕਰਾਇਆ।
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲ ਪਿਰੰਮ ਦਾ, ਪੈਰਾ ਉਪਰਿ ਸੀਸ ਨਿਵਾਇਆ।
ਕਲਿਜੁਗੁ ਬਾਬੇ ਤਾਰਿਆ, ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ।
ਕਲਿ ਤਾਰਣਿ ਗੁਰੁ ਨਾਨਕ ਆਇਆ।।੨੩।।
ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣ ਹੋਆ।
ਜਿਉ ਕਰਿ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰੁ ਪਲੋਆ।...
ਸਿੰਘ ਬੁਕੇ, ਮਿਰਗਾਵਲੀ ਭੰਨੀ ਜਾਇ, ਨ ਧੀਰ ਧਰੋਆ।
ਜਿਥੇ ਬਾਬਾ ਪੈਰ ਧਰੈ, ਪੂਜਾ ਆਸਣੁ ਥਾਪਣਿ ਸੋਆ।
ਸਿਧ ਆਸਣਿ ਸਭਿ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ, ਨਉਖੰਡਿ ਪ੍ਰਿਥਮੀ ਸਚਾ ਢੋਆ।
ਗੁਰਮੁਖਿ ਕਲਿ ਵਿਚਿ ਪਰਗਟ ਹੋਆ।।੨੭।।

(ਭਾਈ ਗੁਰਦਾਸ, ਵਾਰ ਪਹਿਲੀ)

ਲਤਾੜੇ ਜਾ ਰਹੇ ਲੋਕਾਂ ਦੀਆਂ ਚੀਕਾਂ ਅਤੇ ਅਰਦਾਸਾਂ ਅਕਾਲ ਪੁਰਖ ਨੇ ਅੰਤ ਸੁਣ ਲਈਆਂ ਅਤੇ ਮਨੁਖ ਜਾਤੀ ਦਾ ਰਾਖਾ, ਸ਼ਾਂਤੀ ਦਾ ਪੈਗੰਬਰ, ਅਰਸ਼ੀ ਪਿਆਰ ਦਾ ਸੋਮਾ ਅਤੇ ਗੁਣਾਂ ਦਾ ਸਾਗਰ ਗੁਰੂ ਨਾਨਕ ਨਾਮ ਦਾ, ਸਿੱਖ ਧਰਮ ਦਾ ਬਾਨੀ ਪਰਗਟ ਹੋਇਆ।